# ਬੁੱਲ੍ਹੇ ਸ਼ਾਹ ਦਾ ਇਸ਼ਕ ਸੰਕਲਪ

ਪੰਜਾਬੀ ਸੂਫ਼ੀ ਕਾਵਿ ਵਿਚ 'ਇਸ਼ਕ' ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਅਤੇ ਇਸ਼ਕ ਨੂੰ ਸੂਫ਼ੀ ਸ਼ਾਇਰ ਬਹੁਤ ਮਹੱਤਵ ਦਿੰਦੇ ਹਨ। ਇਸ਼ਕ ਨੂੰ ਰੂਹਾਨੀਅਤ ਦੀ ਰੂਹ ਮੰਨਿਆ ਜਾਂਦਾ ਹੈ। ਸੂਫ਼ੀਮਤ ਦਾ ਮੂਲ ਮਨੋਰਥ ਹੀ ਇਸ਼ਕ ਤਥਾ ਪ੍ਰੇਮ ਦੁਆਰਾ ਆਪਣੇ ਮਹਿਬੂਬ ਰੱਬ ਵਿਚ ਫਨਾ ਹੋ ਕੇ ਉਸਦੀ ਪ੍ਰਾਪਤੀ ਕਰਨਾ ਹੈ।

'ਇਸ਼ਕ' ਅਰਬੀ ਭਾਸ਼ਾ ਦੇ ਸ਼ਬਦ 'ਆਸ਼ਿਕਾ' ਵਿਚੋਂ ਉਪਜਿਆ ਹੈ। 'ਇਸ਼ਕ' ਨੂੰ ਅੰਗਰੇਜ਼ੀ ਵਿਚ 'Love' ਕਿਹਾ ਜਾਂਦਾ ਹੈ। ਇਸ਼ਕ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। 'ਇਸ਼ਕ ਮਜਾਜ਼ੀ' ਅਤੇ 'ਇਸ਼ਕ ਹਕੀਕੀ'। ਦੁਨਿਆਵੀ ਪਿਆਰ ਨੂੰ ਜਿਸ ਵਿਚ ਮਨੁੱਖਾਂ ਦੇ ਵਸਤੂ ਜਗਤ ਦੇ ਪਿਆਰ ਦੀ ਗੱਲ ਕੀਤੀ ਹੁੰਦੀ ਹੈ ਉਸ ਨੂੰ 'ਇਸ਼ਕ ਮਜਾਜ਼ੀ' ਕਿਹਾ ਜਾਂਦਾ ਹੈ। ਦੂਸਰੇ ਪਾਸੇ ਰੂਹਾਨੀ ਪਿਆਰ, ਜਿਸ ਦਾ ਸੰਬੰਧ ਅਧਿਆਤਮਿਕ ਜਗਤ ਨਾਲ ਹੁੰਦਾ ਹੈ, ਉਸ ਨੂੰ 'ਇਸ਼ਕ ਹਕੀਕੀ' ਕਿਹਾ ਜਾਂਦਾ ਹੈ।

ਪੰਜਾਬੀ ਸੂਫ਼ੀ ਕਾਵਿ ਵਿਚ ਇਸ਼ਕ ਦੀ ਪਰੰਪਰਾ ਦਾ ਆਰੰਭ ਫ਼ਰੀਦ ਬਾਣੀ ਨਾਲ ਹੁੰਦਾ ਹੋਇਆ ਸ਼ਾਹ ਹੁਸੈਨ ਰਾਹੀਂ ਵਿਕਾਸ ਕਰਦਾ ਬੁੱਲ੍ਹੇ ਸ਼ਾਹ ਤੱਕ ਪਹੁੰਚ ਕੇ ਸਿਖਰ ਤੱਕ ਪਹੁੰਚਦਾ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ,[1]

> "ਜਦ ਬੁੱਲ੍ਹਾ ਆਪਣਾ ਅਲਾਪ ਸ਼ੁਰੂ ਕਰਦਾ ਹੈ ਤਾਂ ਨਗਾਰੇ ਵੱਜ ਉਠਦੇ ਹਨ, ਖੰਜਰਾਂ ਛਣਕ ਪੈਂਦੀਆਂ ਹਨ..... ਬੁੱਲ੍ਹੇ ਦੇ ਕਾਵਿ ਹੜ੍ਹ ਵਿਚ ਸਾਰੇ ਵਹਿ ਤੁਰਦੇ ਹਨ, ਸਾਰੇ ਹੀ ਉਸ ਵਿਚ ਲੀਨ ਹੋ ਜਾਂਦੇ ਹਨ, ਇਕਮਿਕ ਹੋ ਜਾਂਦੇ ਹਨ। ਬੁੱਲ੍ਹਾ ਕਵਿਤਾ, ਸ਼ਹੀਦੀ ਤੇ ਤਿਆਗ ਦੀ ਤ੍ਰਿਮੂਰਤੀ ਹੈ।"

(ਖੋਜ ਪਤ੍ਰਿਕਾ: ਸੂਫ਼ੀ ਕਾਵਿ ਵਿਸ਼ੇਸ਼ ਅੰਕ, ਪੰਨਾ ਨੰ 186)

ਬੁੱਲ੍ਹੇ ਸ਼ਾਹ ਇਕ ਮਹਾਨ ਸੂਫ਼ੀ ਕਵੀ ਹੈ। ਉਸ ਨੇ ਸੂਫ਼ੀ ਰੰਗ ਵਿਚ ਰੰਗੇ ਨੇ ਬਹੁਤ ਸਾਰੀ ਕਾਵਿ ਰਚਨਾ ਕੀਤੀ। ਉਸ ਦਾ ਮੁਰਸ਼ਦ 'ਪੀਰ ਸ਼ਾਹ ਅਨਾਇਤ' ਸੀ। ਸ਼ਾਹ ਅਨਾਇਤ ਨੂੰ ਮਿਲਣ ਪਿਛੋਂ ਬੁੱਲ੍ਹੇ ਸ਼ਾਹ ਦੇ ਅੰਦਰ ਇਸ਼ਕ ਦੀ ਚਿਣਗ ਲੱਗ ਪਈ।
ਬੁੱਲ੍ਹੇ ਸ਼ਾਹ ਲਿਖਦਾ ਹੈ:

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਪੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ, ਹੋਰ ਖ਼ਿਆਲ ਨਾ ਕੋਈ।
ਮੈਂ ਨਹੀ ਉਹ ਆਪ ਹੈ, ਆਪਣੀ ਆਪ ਕਰੇ ਦਿਲਜੋਈ।

ਬੁੱਲ੍ਹੇ ਸ਼ਾਹ ਦਾ ਇਸ਼ਕ ਸ਼ਰੀਅਤ ਨੂੰ ਬੜੀ ਵੱਡੀ ਵੰਗਾਰ ਤਥਾ ਚੁਨੌਤੀ ਦਿੰਦਾ ਹੈ। ਉਸਦਾ ਇਸ਼ਕ ਸਦੀਆਂ ਸਥਾਪਿਤ ਸ਼ਰੀਅਤ ਦੀਆਂ ਝੂਠੀਆਂ ਕੀਮਤਾਂ ਨੂੰ ਨਹੀਂ ਕਬੂਲਦਾ। ਉਹ ਸ਼ਰੀਅਤ ਨਾਲੋਂ ਇਸ਼ਕ ਨੂੰ ਜ਼ਿਆਦਾ ਤਰਜੀਹ ਦਿੰਦਾ ਹੈ।
ਬੁੱਲ੍ਹੇ ਸ਼ਾਹ ਲਿਖਦਾ ਹੈ:

ਫੂਕ ਮੁਸੱਲਾ ਭੰਨ ਸੁੱਟ ਲੋਟਾ ਨਾ ਫੜ ਤਸਬੀ ਕਾਸਾ ਸੋਟਾ।
ਆਸ਼ਿਕ ਕਹਿੰਦੇ ਦੇ ਦੇ ਹੋਕਾ, ਤਰਕ ਹਲਾਲੋਂ ਖਾਹ ਮੁਰਦਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਇਸ਼ਕ ਦੀ ਘਾਟੀ ਬਹੁਤ ਔਖੀ ਹੈ। ਇਸ ਉੱਪਰ ਜੋ ਚੜ੍ਹਦਾ ਹੈ, ਉਹੀ ਜਾਣਦਾ ਹੈ ਕਿ ਇਸ ਘਾਟੀ ਨੂੰ ਪਾਰ ਕਰਨ ਲਈ ਕਿਹੜੀ ਕਿਹੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਬੁੱਲ੍ਹੇ ਸ਼ਾਹ ਪ੍ਰਭੂ ਪ੍ਰਾਪਤੀ ਲਈ ਮੁਰਸ਼ਦ ਦੇ ਇਸ਼ਕ ਵਿਚ ਅਨੇਕਾ ਤਸੀਹੇ ਝੱਲਦਾ ਹੈ ਪਰ ਪਿਛੇ ਨਹੀਂ ਹੱਟਦਾ।
ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ,[1]

"ਉਸ ਅਨੁਸਾਰ ਇਸ਼ਕ ਨੂੰ ਸਿਰ ਧੜ ਦੀ ਬਾਜ਼ੀ ਲਾ ਕੇ ਕਮਾਇਆ

ਜਾ ਸਕਦਾ ਹੈ। ਉਹ ਕਹਿੰਦਾ ਹੈ ਕਿ ਪ੍ਰੇਮ ਦੀ ਪ੍ਰਾਪਤੀ ਲਈ ਜੇ ਕਸ਼ਟਿਆਂ ਨਾਲ ਖਹਿਬੜ ਪਵੇ, ਸੂਲੀ ਉੱਤੇ ਚੜ੍ਹਨਾ ਪਵੇ, ਸੀਸ ਕਟਵਾਉਣ ਪਵੇ ਤਾਂ ਕਿਸੇ ਤਰ੍ਹਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ।"

(ਪੰਜਾਬੀ ਸੂਫ਼ੀ ਕਾਵਿ ਇਕ ਵਿਸ਼ਲੇਸ਼ਣ, ਪੰਨਾ ਨੰ.114)

ਬੁੱਲ੍ਹੇ ਸ਼ਾਹ ਲਿਖਦਾ ਹੈ:

ਵਿਚ ਕੜਾਹੀ ਤਲ ਤਲ ਜਾਵੇ, ਤਲਿਆਂ ਨੂੰ ਚਾ ਤਲਦਾ,
ਨੀ ਸੈਨੂੰ ਲਗੜਾ ਇਸ਼ਕ ਅਵੱਲ ਦਾ!
ਮੋਇਆਂ ਨੂੰ ਇਹ ਵਲ ਵਲ ਮਾਰੇ, ਵਲਿਆਂ ਨੂੰ ਚਾ ਵਲਦਾ।
ਨੀ ਸੈਨੂੰ ਲਗੜਾ ਇਸ਼ਕ ਅਵੱਲ ਦਾ।

ਬੁੱਲ੍ਹੇ ਸ਼ਾਹ ਲਈ 'ਇਸ਼ਕ ਅੱਲਾਹ ਦੀ ਜ਼ਾਤ' ਸੀ ਭਾਵੇਂ ਕਿ ਲੋਕ ਉਸ ਨੂੰ ਮੁਰਸ਼ਦ ਸ਼ਾਹ ਅਨਾਇਤ ਦੇ ਅਰਾਈਂ ਜ਼ਾਤ ਹੋਣ ਕਾਰਨ ਤਾਅਨੇ ਮਿਹਣੇ ਦਿੰਦੇ ਸਨ। ਉਸ ਅਨੁਸਾਰ ਰੱਬੀ ਇਸ਼ਕ ਸਭ ਧਰਮਾਂ-ਜ਼ਾਤਾਂ ਤੋਂ ਉੱਪਰ ਹੈ। ਇਸ਼ਕ ਦੀ ਤਪ ਸਾਧਨਾ ਨਾਲ ਸਾਧਕ ਦੀ ਸਖ਼ਸ਼ੀਅਤ ਹੋਰ ਦੀ ਹੋਰ ਹੋ ਜਾਂਦੀ ਹੈ। ਜਿਵੇਂ:-

ਬੇਦ ਕੁਰਾਨਾ ਪੜ੍ਹ ਪੜ੍ਹ ਥੱਕੇ,
ਸੱਜਦੇ ਕਰਦਿਆਂ ਘੱਸ ਗਏ ਮੱਥੇ,
ਨਾ ਰੱਬ ਤੀਰਥ ਨਾ ਰੱਬ ਮੱਕੇ,
ਜਿਸ ਪਾਜਾ ਤਿਸ ਨੂਰ ਅਨਵਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਬੁੱਲ੍ਹੇ ਸ਼ਾਹ ਦਾ ਕਲਾਮ ਰੱਬੀ ਇਸ਼ਕ ਨਾਲ ਭਰਪੂਰ ਹੈ। ਉਹ ਰੱਬੀ ਇਸ਼ਕ ਦਾ ਉਪਾਸਕ ਸੀ। ਅਧਿਆਤਮਿਕ ਪ੍ਰਾਪਤੀ ਅਤੇ ਸਦੀਵੀ ਸ਼ਾਂਤੀ ਨੂੰ ਉਹ ਇਸ਼ਕ ਦਾ ਨਾਮ ਕਹਿੰਦਾ ਹੈ।

ਡਾ. ਹਰਮਿੰਦਰ ਸਿੰਘ ਬੇਦੀ ਅਨੁਸਾਰ,[3]

> "ਉਸਦਾ ਇਸ਼ਕ ਨਿਰੋਲ ਅਧਿਆਤ-
> ਮਵਾਦੀ ਪ੍ਰਕਿਰਤੀ ਦਾ ਧਾਰਨੀ ਹੈ।
> ਇਸ ਇਸ਼ਕ ਨੂੰ ਸੂਫੀ ਸੰਪ੍ਰਦਾਇ
> ਦੇ ਅੰਤਰਗਤ ਹੀ ਸਮਝਿਆ
> ਜਾ ਸਕਦਾ ਹੈ।"

ਸੱਚਾ ਇਸ਼ਕ ਕਰਨ ਨਾਲ ਮਨੁੱਖ ਵਿਚ 'ਹਉਮੈ' ਖਤਮ ਹੋ ਜਾਂਦੀ ਹੈ। ਉਸਦੀ ਆਪਣੀ ਪਹਿਚਾਣ ਮਿਟ ਜਾਂਦੀ ਹੈ, ਭਾਵ ਉਹ ਆਪਣੇ ਪਿਆਰੇ ਦੀ ਪਹਿਚਾਣ ਸਦਕਾ ਹੋਂਦ ਬਰਕਰਾਰ ਰੱਖਦਾ ਹੈ। ਇਸ਼ਕ ਦੀ ਅਗਨੀ ਮੈਂ ਨੂੰ ਸਾੜ ਕੇ ਰਾਖ ਕਰ ਦਿੰਦੀ ਹੈ। ਆਸ਼ਕ ਮਾਸ਼ੂਕ ਇਕ ਹੋ ਜਾਂਦੇ ਹਨ।
ਬੁੱਲ੍ਹਾਂ ਸ਼ਾਹ ਲਿਖਦਾ ਹੈ:

ਬੁੱਲ੍ਹਾ ਸ਼ਹੁ ਅਸਾਂ ਥੀਂ ਵੱਖ ਨਹੀਂ,
ਬਿਨ ਸ਼ਹੁ ਥੀਂ ਦੂਜਾ ਕੱਖ ਨਹੀਂ,
ਪਰ ਵੇਖਣ ਵਾਲੀ ਅੱਖ ਨਹੀਂ।

ਇਸ਼ਕ ਇੱਕ ਅਜਿਹੀ ਅਵਸਥਾ ਹੈ ਜਿਸ ਅੱਗੇ ਅਕਲ- ਇਲਮ ਦਾ ਕੋਈ ਜ਼ੋਰ ਨਹੀਂ ਚੱਲਦਾ। ਇਸ਼ਕ ਅਕਲ- ਇਲਮ ਤੇ ਪਰਦਾ ਪਾ ਦਿੰਦਾ ਹੈ। ਬੁੱਲ੍ਹੇ ਸ਼ਾਹ ਦਾ ਆਪਣੇ ਮੁਰਸ਼ਦ ਪ੍ਰਤੀ ਇਸ਼ਕ ਹੌਲੀ-੨ ਇਤਨਾ ਪ੍ਰਬਲ ਹੋ ਜਾਂਦਾ ਹੈ ਕਿ ਉਸਨੂੰ ਧਾਰਮਿਕ ਕਰਮ ਕਾਂਡ ਅਡੰਬਰ ਲਗਦੇ ਹਨ। ਉਹ ਮੁਰਸ਼ਦ ਦੇ ਹਿਰਦੇ ਨੂੰ ਕਾਅਬਾ ਮੰਨਦਾ ਹੈ। ਜਿਸ ਵਿਚੋਂ ਉਸਨੂੰ ਸੁੱਚੇ ਸੱਚੇ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।
ਬੁੱਲ੍ਹੇ ਸ਼ਾਹ ਲਿਖਦਾ ਹੈ:

ਭੱਠ ਨਮਾਜ਼ਾਂ ਚਿੱਕੜ ਰੋਜ਼ੇ ਕਲਮੇ ਤੇ ਫਿਰ ਗਈ ਸਿਆਹੀ,
ਬੁੱਲ੍ਹੇ ਸ਼ਹੁ ਰੱਬ ਅੰਦਰੋਂ ਮਿਲਿਆ ਭੁੱਲੀ ਫਿਰੇ ਲੋਕਾਈ।

ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਇਸ਼ਕ ਅਤੇ ਸ਼ੁਦਾਈ ਦੀ ਗੱਲ ਦੋਵੇਂ ਹੀ ਬੜੇ ਤੀਖਣ ਰੂਪ ਵਿਚ ਵਿਦਮਾਨ ਹਨ। ਬੁੱਲ੍ਹੇ ਸ਼ਾਹ ਵਰਗਾ ਸੂਫ਼ੀ ਸਾਧਕ ਆਪਣੇ ਮੁਰਸ਼ਦ ਤੋਂ ਵਾਰ-ਵਾਰ ਕੁਰਬਾਨ ਜਾਣ ਲਈ ਤੱਤਪਰ ਰਹਿੰਦਾ ਹੈ। ਉਹ ਕੁਰਬਾਨੀ ਦੇ ਇਸ ਜਜ਼ਬੇ ਨੂੰ ਬੱਕਰੀ ਅਤੇ ਕਸਾਈ ਦੇ ਰੂਪ ਵਿਚ ਤੁਲਨਾਉਂਦਾ ਹੋਇਆ ਲਿਖਦਾ ਹੈ:

ਆਸ਼ਕ ਬੱਕਰੀ ਮਾਸ਼ੂਕ ਕਸਾਈ,  
ਮੈਂ ਮੈਂ ਕਰਦੀ ਕੁਹੀ।  
ਜਿਉਂ ਜਿਉਂ ਮੈਂ ਮੈਂ ਬਹੁਤੀ ਕਰਦੀ,  
ਤਿਉਂ ਤਿਉਂ ਮੋਈ ਮੋਈ।

ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੇ ਇਸ਼ਕ ਦੀ ਤਾਬ ਨਾ ਝੱਲਦਾ ਹੋਇਆ ਪੈਰੀਂ ਝਾਂਜਰ ਪਾ ਕੇ ਮਸਤ ਮਲੰਗ ਹੋ ਕੇ ਗਲੀ-ਬਜ਼ਾਰਾਂ ਵਿਚ ਨੱਚਣ ਲੱਗ ਪਿਆ। ਇਸ ਵਰਤਾਰੇ ਕਾਰਨ ਉਸਦਾ ਮੁਰਸ਼ਦ ਅਨਾਇਤ ਖਫ਼ਾ ਹੋ ਗਿਆ। ਆਪਣੇ ਮੁਰਸ਼ਦ ਦੀ ਨਾਰਾਜ਼ਗੀ ਕਾਰਨ ਉਹ ਬਿਰਹਾ ਅਤੇ ਵਿਜੋਗ ਵਿਚ ਕੁਰਲਾਉਣ ਲੱਗ ਪਿਆ। ਕਿਉਂਕਿ ਵਸਲ-ਹਿਜਰ ਇਸ਼ਕ ਦੇ ਅਨਿਖੜਵੇਂ ਲੱਛਣ ਹਨ। ਇਸ ਲਈ ਆਪਣੇ ਪਾਰ ਲੰਘਾਉਣ ਵਾਲੇ ਮੁਰਸ਼ਦ ਪੀਰ ਅਨਾਇਤ ਨਾਲੋਂ ਇਕ ਪਲ ਵੀ ਵੱਖ ਹੋਣਾ ਅਸਹਿ ਪੀੜਾ ਸਮਾਨ ਸੀ। ਉਹ ਆਪਣੀ ਕਰੁਣਾਮਈ ਵੇਦਨਾ ਨੂੰ ਇਸ ਪ੍ਰਕਾਰ ਪ੍ਰਗਟ ਕਰਦਾ ਹੈ:

ਬਿਰਹੋਂ ਆ ਵੜਿਆ ਵਿਚ ਵਿਹੜੇ, ਜ਼ੋਰੋ ਜ਼ੋਰ ਦੇਵੇ ਤਨ ਪੀੜੇ,  
ਦਾਰੂ ਦਰਦ ਨਾ ਬਾਝੋਂ ਤੇਰੇ, ਮੈਂ ਸੱਜਣਾਂ ਬਾਝ ਮਰੇਨੀ ਹਾਂ।

ਬਹੁੜੀ ਵੇ ਤਬੀਬਾ ਮੈਂਡੀ ਜਿੰਦ ਗਈਆ,  
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।  
ਸਾਨੂੰ ਘਾਇਲ ਕਰਕੇ ਫਿਰ ਖ਼ਬਰ ਨਾ ਲਈਆ।  
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।

ਬੁੱਲ੍ਹੇ ਸ਼ਾਹ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਤੱਕ ਪਹੁੰਚਣ ਦੀ ਪਹਿਲੀ ਮੰਜ਼ਿਲ ਸਮਝਦੇ ਸਨ ਅਤੇ ਇਸ਼ਕ ਹਕੀਕੀ ਤੱਕ ਪਹੁੰਚ ਕੇ ਹੀ ਸਾਧਕ ਆਪਣੇ ਪ੍ਰਭੂ-ਪ੍ਰੀਤਮ ਨੂੰ ਪਾ ਸਕਦਾ ਹੈ।
ਡਾ. ਧਰਮਪਾਲ ਸਿੰਗਲ ਅਨੁਸਾਰ,(4)

"ਬੁੱਲ੍ਹੇ ਸ਼ਾਹ ਇਸ਼ਕ ਮਜਾਜ਼ੀ ਦੀ ਇਸ਼ਕ ਦੇ ਖੇਤਰ ਵਿਚ ਇਹੋ ਮਹੱਤਤਾ ਦੱਸਦੇ ਹਨ ਜਿਵੇਂ ਕਿ ਸੂਈ ਵਿਚ ਧਾਗੇ ਦੀ ਮਹੱਤਤਾ ਹੈ। ...... ਉਸਨੇ ਤਾਂ ਇਸ਼ਕ ਨੂੰ ਮਾਤਾ ਪਿਤਾ ਦੱਸਿਆ ਹੈ, ਜਿਸ ਵਿਚ ਪੈ ਕੇ ਵਿਅਕਤੀ ਮਸਤ ਹੋ ਜਾਂਦਾ ਹੈ ਅਤੇ ਜੀਉਂਦੇ ਜੀ ਮਰ ਜਾਂਦਾ ਹੈ।"
(ਪੰਜਾਬੀ ਸੂਫ਼ੀ ਕਾਵਿ: ਇਕ ਵਿਸ਼ਲੇਸ਼ਣ, ਪੰਨਾ ਨੰ. ੧੪੨)

ਬੁੱਲ੍ਹੇ ਸ਼ਾਹ ਲਿਖਦਾ ਹੈ:

ਇਸ਼ਕ ਜਿਨ੍ਹਾਂ ਦੇ ਹੱਡੀਂ ਪੈਂਦਾ, ਸੋ ਨਰ ਜੀਵਤ ਹੀ ਮਰ ਜਾਂਦਾ,
ਇਸ਼ਕ ਪਿਤਾ ਤੇ ਮਾਤਾ ਹੈ, ਜਿਸ ਪਿੱਛੇ ਮਸਤ ਹੋ ਜਾਤਾ ਹੈ।

ਬੁੱਲ੍ਹੇ ਸ਼ਾਹ ਮੁਰਸ਼ਦ ਦੇ ਵਿਯੋਗ ਵਿਚ ਖੁਦ ਨੂੰ ਸਮਝਾਉਣ ਲਈ ਇਤਿਹਾਸਕ, ਮਿਥਿਹਾਸਕ ਤੇ ਧਾਰਮਿਕ ਹਵਾਲਿਆਂ ਦੀ ਵਰਤੋਂ ਕਰਦਾ ਹੈ ਕਿ ਇਸ਼ਕ ਮਿੱਠਾ ਜ਼ਹਿਰ ਬਣ ਕੇ ਕਿਵੇਂ ਵੱਡੇ ਤੋਂ ਵੱਡੇ ਮਹਾਰਥੀਆਂ ਨੂੰ ਬਿਰਹਾ ਦੀ ਅਵਸਥਾ 'ਚ ਪਹੁੰਚਾ ਕੇ ਤੜਫ-ਤੜਫ ਮਰਨ ਲਈ ਮਜਬੂਰ ਕਰਦਾ ਹੈ।
ਬੁੱਲ੍ਹੇ ਸ਼ਾਹ ਲਿਖਦਾ ਹੈ:

ਗੁਰ ਗੋਰਖ ਨੂੰ ਪੀਰ ਸਤਾਏ,
ਹੀਰੇ ਹੀਰੇ ਕਰ ਕੁਰਲਾਏ।

ਸ਼ਾਹ ਅਨਾਇਤ ਨੇ ਜਦੋਂ ਵਿਯੋਗ ਵਿਚ ਰੋਂਦੇ ਬੁੱਲ੍ਹੇ ਸ਼ਾਹ ਦੀ ਸਾਰ ਨਾ ਲਈ ਤਾਂ ਬੁੱਲ੍ਹੇ ਸ਼ਾਹ ਨੇ ਆਪਣੇ ਮੁਰਸ਼ਦ ਦੇ ਵਿਯੋਗ

ਵਿਚ ਰੋ ਰੋ ਕਸੀਦਿਆਂ ਵਾਲੀ ਹਾਲਤ ਬਣਾ ਲਈ ਸੀ। ਉਸਨੂੰ ਇੰਞ ਮਹਿਸੂਸ ਹੁੰਦਾ ਹੈ ਕਿ ਉਸਦਾ ਸਰੀਰ ਮਿੱਟੀ ਹੋ ਗਿਆ ਹੈ, ਜਿਵੇਂ ਜਿੰਦ-ਜਾਨ ਉਸ ਦਾ ਮੁਰਸ਼ਦ ਕੱਢ ਕੇ ਲੈ ਗਿਆ ਹੋਵੇ। ਇਸ ਸੰਬੰਧੀ ਬੁੱਲ੍ਹੇ ਸ਼ਾਹ ਲਿਖਦਾ ਹੈ:

ਕੀ ਬੇਦਰਦਾਂ ਸੰਗ ਯਾਰੀ।
ਰੋਵਣ ਅੱਖੀਆਂ ਜ਼ਾਰੋ ਜ਼ਾਰੀ।
ਸਾਨੂੰ ਬੇਦਰਦੀ ਛੱਡ ਕੇ, ਜਿਨ੍ਹਾਂ ਸਾਂਗ ਸੀਨੇ ਵਿਚ ਗੱਡ ਕੇ
ਜਿਸਮੋਂ ਜਿੰਦ ਨੂੰ ਲੈ ਗਏ ਕੱਢ ਕੇ, ਇਹ ਗੱਲ ਕਰ ਗਏ ਹੈ ਸਿਆਰੀ,
ਕੀ ਬੇਦਰਦਾਂ ਸੰਗ ਯਾਰੀ।

ਉਸਦੀ ਕਰੁਣਾ ਭਰੀ ਹਾਲਤ ਨੂੰ ਵੇਖ ਕੇ ਅੰਤ ਆਪਣੇ ਇਸ਼ਕ ਦੇ ਰੰਗ ਵਿਚ ਰੰਗੇ ਤੇ ਬਿਰਹੋਂ ਦਾ ਸੰਤਾਪ ਭੋਗਦੇ ਦੇਖ ਕੇ ਸਭ ਗਿਲੇ-ਸ਼ਿਕਵੇ ਮਿਟਾ ਕੇ ਗਲ ਲਾ ਲੈਂਦਾ ਹੈ। ਇਹ ਬੁੱਲ੍ਹੇ ਸ਼ਾਹ ਲਈ ਭਾਗਾਂ ਭਰੀ ਘੜੀ ਸੀ। ਬੁੱਲ੍ਹੇ ਸ਼ਾਹ ਮੁਰਸ਼ਦ ਨਾਲ ਮੁੜ ਮਿਲਾਪ ਦੀ ਘੜੀ ਨੂੰ ਇਉਂ ਬਿਆਨ ਕਰਦਾ ਹੋਇਆ ਲਿਖਦਾ ਹੈ:

ਆਓ ਸਈਓ ਰਲ ਦਿਓ ਨੀ ਵਧਾਈ।
ਮੈਂ ਵਰ ਪਾਇਆ ਰਾਂਝਾ ਮਾਹੀ।
ਅੱਜ ਦਾ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ,
ਹੱਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ,
ਆਓ ਸਈਓ ਰਲ ਦਿਓ ਨੀ ਵਧਾਈ।

ਬੁੱਲ੍ਹੇ ਸ਼ਾਹ ਅਨੁਸਾਰ ਇਸ਼ਕ ਦਾ ਰਾਹ ਔਖਾ ਹੋਣ ਕਾਰਨ ਇਸ ਵਿਚ ਬਹੁਤ ਸਾਰੀਆਂ ਰੁਕਾਵਟਾਂ ਆਉਂਦੀਆਂ ਹਨ ਪਰ ਪਰਮਾਤਮਾ ਦੀ ਮਿਹਰ ਨਾਲ ਸਭ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ।